ਸਭ ਹੱਕ ਰਾਖਵੇਂ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

G-103

# ਮਿਸ਼੍ਰਤਵਾਦ

ਕ੍ਰਿਤ—

**ਡਾਕਟਰ ਬਲਬੀਰ ਸਿੰਘ**

ਬੀ. ਐਸ. ਸੀ., ਡੀ. ਆਈ. ਸੀ., ਪੀ. ਐਚ. ਡੀ., (ਲੰਡਨ).

ਅੰਮ੍ਰਿਤਸਰ।

ਸਤੰਬਰ ੧੯੩੯.

ਮਿਲਣ ਦਾ ਪਤਾ—

ਮੈਨੇਜਰ ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ।

ਭੇਟਾ ।—)

891.4209
ਅ 97 ਮਿ
29650

ALL RIGHTS RESERVED.

Printed by S. Bhupindar Singh B. A., at the Wazir-i-Hind Press, Hall Bazar, Amritsar and Published by Dr. Balbir Singh B. Sc., C. I. D., Ph. D. (London) at Hall Bazar, Amritsar.

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਮਿਸ਼੍ਰਤ ਵਾਦ

## ੧.

ਮਹਾਤਮਾ ਅਨੰਦ ਮਹਾਤਮਾ ਬੁਧ ਜੀ ਦੇ ਨਿਕਟ-ਵਰਤੀ ਚੇਲਿਆਂ ਵਿੱਚੋਂ ਸਨ। ਇਕ ਵੇਰ ਆਪ ਕਿਤੇ ਜਾ ਰਹੇ ਸਨ, ਰਸਤੇ ਵਿਚ ਉਨ੍ਹਾਂ ਨੂੰ ਤ੍ਰੇਹ ਲਗੀ। ਖੂਹ ਉਪਰ ਇਕ ਮਲਾਹ ਦੀ ਲੜਕੀ ਪਾਣੀ ਭਰ ਰਹੀ ਸੀ, ਉਸ ਨੂੰ ਕਿਹਾ:-

ਅਨੰਦ-ਹੇ ਦੇਵੀ ! ਮੈਂ ਤ੍ਰਿਖਾਵੰਤ ਹਾਂ, ਮੈਨੂੰ ਜਲ ਦਾ ਦਾਨ ਦੇਹ।

ਲੜਕੀ-ਜੀ ਮੈਂ ਮਲਾਹ ਦੀ ਬੇਟੀ ਹਾਂ, ਮੇਰੇ ਦਿੱਤੇ ਹੋਏ ਪਾਣੀ ਨਾਲ ਤੁਸੀਂ ਭਿੱਟ ਜਾਓਗੇ।

ਅਨੰਦ-ਦੇਵੀ ! ਮੈਂ ਤੇਰੇ ਕੋਲੋਂ ਪਾਣੀ ਮੰਗਿਆ ਹੈ, ਤੇਰੀ ਜ਼ਾਤ ਨਹੀਂ ਮੰਗੀ, ਮੈਂ ਭਿੱਟ ਕਿਸਤਰ੍ਹਾਂ ਜਾਵਾਂਗਾ ?

ਲੜਕੀ ਨੇ ਬੜੀ ਖ਼ੁਸ਼ੀ ਨਾਲ ਪਾਣੀ ਪਿਲਾਇਆ, ਉਸ ਦੀ ਉਹ ਖ਼ੁਸ਼ੀ ਉਸ ਕੋਲੋਂ ਸਹਾਰੀ ਨਹੀਂ ਸੀ ਜਾਂਦੀ। ਛੇਕੜ ਉਹ ਘਰ ਬਾਹਰ ਛਡ ਅਨੰਦ ਨੂੰ ਲਭਦੀ ਉਸਦੇ ਮਗਰ ਬਿਹਾਰ ਦੇਸ਼ ਆਈ। ਲੜਕੀ ਫਿਰਦੀ ਨੂੰ ਕੁਛ

ਭਿਖਸ਼ੂ ਮਿਲ ਗਏ ; ਜੋ ਉਸ ਨੂੰ ਮਹਾਤਮਾਂ ਬੁਧ ਜੀ ਕੋਲ ਲੈ ਆਏ।

ਬੁਧ ਦੇਵ–ਪੁਤ੍ਰੀ ਤੂੰ ਕੀ ਚਾਹੁੰਦੀ ਹੈਂ ?

ਲੜਕੀ–ਜਿਸ ਮਹਾਤਮਾ ਨੇ ਮੇਰੀ ਜਾਤ ਦਾ ਵਿਚਾਰ ਨਹੀਂ ਕੀਤਾ, ਉਸ ਦਯਾ ਸ਼ੀਲ ਪੁਰਸ਼ ਦੀ ਸੇਵਾ ਕਰਕੇ ਆਪਣਾ ਜਨਮ ਸੁਫਲ ਕਰਨਾ ਚਾਹੁੰਦੀ ਹਾਂ।

ਬੁਧ ਦੇਵ–ਪੁੱਤ੍ਰੀ ! ਤੂੰ ਉਸ ਮਹਾਤਮਾ ਦੀ ਦਯਾ ਤੇ ਉਦਾਰਤਾ ਨਾਲ ਇਤਨਾ ਪ੍ਰੇਮ ਕਰਦੀ ਹੈਂ, ਇਸ ਵਾਸਤੇ ਤੂੰ ਇਨ੍ਹਾਂ ਗੁਣਾਂ ਨੂੰ ਮਨ ਵਿਚ ਧਾਰ ਲੈ । ਏਹੋ ਹੀ ਉਸ ਮਹਾਤਮਾ ਦੀ ਸੱਚੀ ਸੇਵਾ ਹੈ।

—o—

## ੨.

ਮੁਸਲਮਾਨ ਫਕੀਰਾਂ ਵਿਚ ਇਕ ਅਬਦੁਲ ਰਹਿਮਾਨ ਨਾਮ ਦਾ ਸਾਈਂ ਲੋਕ ਹੋਇਆ ਹੈ। ਇਕ ਦਿਨ ਇਕ ਮੁਰੀਦ ਨੇ ਇਨ੍ਹਾਂ ਕੋਲੋਂ ਪੁੱਛਿਆ ਕਿ ਜਿਹੜਾ ਆਦਮੀ ਬਿਨਾਂ ਸਮਝੇ ਕੁਰਾਨ ਸ਼ਰੀਫ ਪੜ੍ਹਦਾ ਰਹੇ, ਉਸਨੂੰ ਉਸਦਾ ਕੀ ਫਾਇਦਾ ਹੁੰਦਾ ਹੈ ? ਉਸਨੇ ਜਵਾਬ ਦਿਤਾ ਕਿ ਜਿਸਤਰ੍ਹਾਂ ਕੋਈ ਦਵਾਈ ਖਾਂਦਾ ਹੈ, ਪਰ ਉਸਨੂੰ ਪਤਾ ਨਹੀਂ ਹੁੰਦਾ ਕਿ ਉਹ ਕੀ ਖਾ ਰਿਹਾ ਹੈ, ਪਰ ਦਵਾਈ ਦਾ ਅਸਰ ਜ਼ਰੂਰ ਹੁੰਦਾ ਹੈ।

ਇਸ ਦੇ ਮੁਕਾਬਲੇ ਉਪਰ ਅਤੇ ਐਨ ਏਸ ਆਸ਼ੇ ਦੇ



ਉਲਟ ਕਿਸੇ ਨੇ ਕਿਹਾ ਹੈ:–

ਜਿਸ ਬਾਣੀ ਕੇ ਅਰਥ ਨ ਆਵੇਂ, ਉਸ ਬਾਣੀ ਕਾ ਪੜ੍ਹਨਾ ਕਯਾ।
ਜਿਸ ਬੇੜੀ ਕਾ ਵੰਝ ਨ ਚੱਪਾ, ਉਸ ਬੇੜੀ ਮੇਂ ਚੜ੍ਹਨਾ ਕਯਾ।

ਪਹਿਲੀ ਗੱਲ ਦਾ ਫਲ ਕਿਸੇ ਕਰਮ ਕਾਂਡ ਵਾਲੀ ਸ਼ਰਧਾ ਦੇ ਬਲ ਉੱਪਰ ਹੈ ਤੇ ਦੂਸਰੀ ਗੱਲ ਦੀ ਸਚਾਈ ਗਜ਼ਾਨ ਮਾਰਗ ਦਾ ਹੇਤੂ ਹੈ। ਕਰਮ ਕਾਂਡ ਤੇ ਗਜ਼ਾਨ ਮਾਰਗ ਤੋਂ ਸਿਵਾ ਤੀਸਰਾ ਰਸਤਾ ਭਗਤੀ ਦਾ ਹੈ ਜੋ ਬਾਣੀ ਪੜ੍ਹਨ ਸੁਣਨ ਤੇ ਉਚਰਨ ਨੂੰ ਕਿਸੇ ਰਸ ਦੇ ਨੁਕਤੇ ਤੋਂ ਜਾਂਚਦਾ ਹੈ। ਇਨ੍ਹਾਂ ਰਸੀਆਂ ਲਈ ਓਹੋ ਹੀ ਬਾਣੀ ਗੁਣ-ਕਾਰੀ ਹੈ ਜੋ ਦੁਖ ਤੇ ਕਸ਼ਟ ਦੇ ਹੁੰਦਿਆਂ ਵੀ ਰਸ ਪਰਵਾਹਿਤ ਰਹੇ। ਰਸ ਲਈ 'ਇਕ ਰਸ' ਹੋਣਾ ਜ਼ਰੂਰੀ ਸ਼ਰਤ ਹੈ। ਸੁਖ ਵੇਲੇ ਰਸ ਤੇ ਦੁਖ ਵੇਲੇ ਕੁਰੱਸ, ਇਹ ਆਤਮਿਕ ਰਸ ਦੀ ਨਿਸ਼ਾਨੀ ਨਹੀਂ। ਇਸ ਉਪਰ ਕਿਹਾ ਹੈ:–

ਭਗਤਿ ਭਾਵ ਭਾਦੋਂ ਨਦੀ ਸਭੈ ਚਲੀ ਘਹਰਾਯ।
ਸਰਿਤਾ ਸੋ ਸਰਾਹੀਯੇ ਜੋ ਜੇਠ ਮਾਸ ਠਹਰਾਯ।
[ਕਬੀਰ, ਬਾਹਰਲੀ ਬਾਣੀ

ਮਤਲਬ ਇਹ ਹੈ ਕਿ ਭਗਤਿ ਦਾ ਰਸ ਆਮ ਲੋਕਾਂ ਵਿਚ ਜਦ ਉਪਜਦਾ ਹੈ ਤਾਂ ਭਾਦ੍ਰੋਂ ਦੀ ਨਦੀ ਵਾਂਗੂ ਆਉਂਦਾ ਹੈ, ਜੋ ਆਪਣੇ ਹੜ੍ਹ ਵਿਚ ਸਭ ਕੁਛ ਤੇ ਆਪ ਨੇ ਆਪ ਨੂੰ ਵੀ ਰੋੜ੍ਹ ਲਿਜਾਂਦਾ ਹੈ। ਅਸਲੀ ਰਸ ਦੀ ਨਦੀ ਓਹੋ ਹੀ ਹੈ ਤੇ ਉਸੇ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਜੋ ਜੇਠ ਦੇ ਸੋਕੇ ਦੇ ਮਹੀਨੇ ਵਿਚ ਵੀ ਚਲਦੀ ਰਹੇ। ਅੰਦਰ ਦੀ ਰਸ–

# TO READ THE ENTIRE BOOK PLEASE CONTACT US:


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.